# ਜਦੋਂ ਅਸੀਂ ਜਾਗਦੇ ਹੋਵਾਂਗੇ

*—ਅਮਰਦੀਪ ਸਿੰਘ ਗਿੱਲ*

ਜਦੋਂ ਅਸੀਂ ਜਾਗਦੇ ਹੋਵਾਂਗੇ
ਉਹ ਸਾਡੇ ਨਾਲ ਹੋਵੇਗਾ
ਜਦ ਅਸੀਂ ਬੋਲਾਂਗੇ
ਉਹ ਸਾਡਾ ਬੋਲ ਬਣੇਗਾ
ਜਦ ਅਸੀਂ ਤੁਰਾਂਗੇ
ਉਹ ਸਾਡਾ ਮੋਹਰੀ ਬਣ ਤੁਰੇਗਾ
ਜਦ ਅਸੀਂ ਲੜਾਂਗੇ
ਉਹ ਸਾਡਾ ਜਰਨੈਲ ਹੋਵੇਗਾ

ਜਦ ਸਾਨੂੰ ਆ ਜਾਵੇਗੀ
ਵੀਲ੍ਹ–ਚੇਅਰ 'ਤੇ ਬੈਠ
ਵਗਦੇ ਕਾਫ਼ਲਿਆਂ ਨਾਲ ਵਗਣ ਦੀ ਜਾਚ
ਉਹ ਸਾਡਾ ਹੱਥ ਫੜ ਨਾਲ ਵਗੇਗਾ

ਜਦ ਅਸੀਂ ਅੱਸੀ ਸਾਲ ਦੀ ਉਮਰ 'ਚ
ਅਠਾਰਾਂ ਸਾਲ ਦੇ ਗੱਭਰੂ ਵਾਂਗ
ਬੜ੍ਹਕ ਮਾਰਿਆਂ ਕਰਾਂਗੇ
ਤਾਂ ਉਹ ਸਾਡੀ ਪਿੱਠ ਥਾਪੜੇਗਾ
ਜਦ ਅਸੀਂ ਸ਼ੂਗਰ ਦੇ ਰੋਗੀ ਹੋ ਕੇ ਵੀ
ਕੰਬਦੀ ਕਲਾਈ ਨਾਲ ਹਵਾ ਵਿਚ
ਮੁੱਕਾ ਲਹਿਰਾਅ ਕੇ ਆਖਾਂਗੇ
ਅੰਬਰ ਪਾੜਵਾਂ 'ਇਨਕਲਾਬ'
ਤਾਂ ਯਕੀਨ ਹੀ ਜ਼ਿੰਦਾਬਾਦ
ਉਹ ਕਹੇਗਾ

ਜਿਸ ਦਿਨ ਅਸੀਂ ਘਰਾਂ ਦੀ ਕੈਦ ਤੋਂ
ਆਜ਼ਾਦ ਹੋ ਜਾਵਾਂਗੇ
ਉਹ ਸਾਨੂੰ ਗਲੀ ਵਿਚ ਖੜਾ ਮਿਲੇਗਾ

ਜਿਸ ਦਿਨ ਅਸੀਂ ਨੌਕਰੀ ਦੀ ਗੁਲਾਮੀ ਤੋਂ
ਮੁਕਤ ਹੋਵਾਂਗੇ
ਉਹ ਦਫ਼ਤਰ ਦੇ ਗੇਟ 'ਤੇ ਦਿੱਤੇ
ਧਰਨੇ ਨੂੰ ਸੰਬੋਧਨ ਕਰੇਗਾ
ਜਿਸ ਦਿਨ ਸਾਡਾ ਮਸਤਕ ਮੰਚ ਬਣੇਗਾ
ਉਹ ਆਪਣੇ ਨਾਟਕ ਨਾਲ ਹਾਜ਼ਰ ਹੋਵੇਗਾ
ਜੇ ਅਸੀਂ ਸੁੱਤੇ ਰਹੇ ਤਾਂ ਉਹ ਮਰ ਜਾਵੇਗਾ
ਜੇ ਅਸੀਂ ਚੁੱਪ ਰਹੇ ਤਾਂ ਉਹ ਕਦੇ ਨਹੀਂ ਮਿਲੇਗਾ
ਜੇ ਅਸੀਂ ਉੱਠ ਕੇ ਤੁਰੇ ਨਾ ਤਾਂ ਉਹ ਚਲਾ ਜਾਵੇਗਾ।

•